# ਡਰਾਈਵਿੰਗ ਟੈਸਟ:
# ਕੀ ਉਮੀਦ ਕੀਤੀ ਜਾਵੇ

WASHINGTON STATE DEPARTMENT OF LICENSING

ਡਰਾਈਵਿੰਗ ਟੈਸਟ ਵਿੱਚ ਕਾਨੂੰਨੀ ਅਤੇ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਦੀ ਤੁਹਾਡੀ ਯੋਗਤਾ ਨੂੰ ਮਾਪਿਆ ਜਾਂਦਾ ਹੈ। ਤੁਹਾਡੀ ਡਰਾਈਵਿੰਗ ਦਾ ਮੁਲਾਂਕਣ ਕਰਨ ਲਈ ਇੱਕ ਪਰੀਖਿਅਕ ਤੁਹਾਡੇ ਨਾਲ ਸਫਰ ਕਰਦਾ ਹੈ। ਉਹ ਤੁਹਾਨੂੰ ਕੋਈ ਵੀ ਗੈਰ-ਕਾਨੂੰਨੀ ਕੰਮ ਕਰਨ ਲਈ ਉਲਝਾਉਣ, ਧੋਖਾ ਦੇਣ, ਜਾਂ ਤੁਹਾਨੂੰ ਪੁੱਛਣ ਦੀ ਕੋਸ਼ਿਸ਼ ਨਹੀਂ ਕਰਨਗੇ।

## ਮੇਰਾ ਕਿਸ ਚੀਜ਼ਦਾ ਟੈਸਟ ਕੀਤਾ ਜਾਵੇਗਾ?

ਤੁਹਾਡਾ ਇਸ ਤੇ ਟੈਸਟ ਕੀਤਾ ਜਾਵੇਗਾ:

- **ਤੁਹਾਡਾ ਵਾਹਨ** ਸ਼ੁਰੂ ਕਰਨ ਤੇ।
- **ਫੁਟਪਾਥ ਛੱਡਣ ਤੇ,** ਕੀ ਤੁਸੀਂ ਸਿਗਨਲ ਦਿੰਦੇ ਹੋ ਅਤੇ ਟਰੈਫਿਕ ਵਿੱਚ ਮੁੜ-ਪ੍ਰਵੇਸ਼ ਕਰਨ ਲਈ ਸੁਰੱਖਿਅਤ ਹੋਣ ਤੱਕ ਉਡੀਕ ਕਰਦੇ ਹੋ?
- **ਵਾਹਨ ਨੂੰ ਕੰਟਰੋਲ ਕਰਨ ਲਈ,** ਕੀ ਤੁਸੀਂ:
  - ਗੈਸ ਪੈਡਲ, ਬ੍ਰੇਕ, ਸਟੀਅਰਿੰਗ ਵ੍ਹੀਲ ਅਤੇ ਹੋਰ ਕੰਟਰੋਲਾਂ ਦੀ ਸਹੀ ਢੰਗ ਨਾਲ ਵਰਤੋਂ ਕਰਦੇ ਹੋ?
  - ਤੁਸੀਂ ਆਪਣੀ ਗਤੀ ਨੂੰ ਇਸਦੇ ਅਨੁਕੂਲ ਬਦਲਦੇ ਹੋ:
    - ਹੋਰ ਵਾਹਨਾਂ ਅਤੇ ਪੈਦਲ ਚੱਲਣ ਵਾਲਿਆਂ ਦੀ ਗਿਣਤੀ ਅਤੇ ਗਤੀ ਦੇ।
    - ਸੜਕ ਅਤੇ ਮੌਸਮ ਦੇ ਹਾਲਾਤਾਂ ਦੇ।
    - ਉਸਾਰੀ।
    - ਰੋਸ਼ਨੀ ਦੀ ਮਾਤਰਾ।
    - ਤੁਸੀਂ ਕਿੰਨੀ ਦੂਰ ਤੱਕ ਅੱਗੇ ਦੇਖ ਸਕਦੇ ਹੋ?
- **ਟ੍ਰੈਫਿਕ ਵਿੱਚ ਵਾਹਨ ਚਲਾਉਣਾ**, ਕੀ ਤੁਸੀਂ:
  - ਸਹੀ ਲੇਨ ਦੀ ਵਰਤੋਂ ਕਰਦੇ ਹੋ?
  - ਤੁਸੀਂ ਲੇਨ ਬਦਲਣ ਦਾ ਸੰਕੇਤ ਦਿੰਦੇ ਹੋ?
  - ਤੁਸੀਂ ਧਿਆਨ ਨਾਲ ਲੇਨ ਬਦਲਦੇ ਹੋ?
  - ਇੱਕ ਸੁਰੱਖਿਅਤ ਦੂਰੀ ਤੇ ਹੋਰ ਵਾਹਨ ਦਾ ਪਿੱਛਾ ਕਰਦੇ ਹੋ?
  - ਤੁਸੀਂ ਲੇਨ ਬਦਲਣ ਤੋਂ ਪਹਿਲਾਂ ਆਪਣਾ ਸਿਰ ਮੋੜਦੇ ਹੋ ਅਤੇ ਪਿੱਛੇ ਮੁੜਦੇ ਹੋ?
  - ਤੁਸੀਂ ਮੋੜਨ ਤੋਂ ਪਹਿਲਾਂ ਸਹੀ ਦੂਰੀ ਦਾ ਸੰਕੇਤ ਦਿੰਦੇ ਹੋ?
- **ਟ੍ਰੈਫਿਕ ਸਿਗਨਲਾਂ ਅਤੇ ਸੰਕੇਤਾਂ ਦੀ ਪਾਲਣਾ ਕਰਨਾ**, ਕੀ ਤੁਸੀਂ:
  - ਤੁਸੀਂ ਲੇਨ ਨੂੰ ਕੱਟੇ ਜਾਂ ਗਲਤ ਲੇਨ ਵਿੱਚ ਮੁੜੇ ਬਿਨਾਂ ਸਹੀ ਲੇਨ ਵਿੱਚ ਚਲੇ ਜਾਂਦੇ ਹੋ?
- **ਬਲਾਈਂਡ ਜਾਂ ਭੀੜ ਵਾਲੇ ਚੌਰਾਹਿਆਂ ਰਾਹੀਂ ਵਾਹਨ ਚਲਾਉਣ ਦੌਰਾਨ,** ਕੀ ਤੁਸੀਂ:
  - ਤੁਸੀਂ ਸੰਕੇਤਾਂ, ਸਿਗਨਲਾਂ, ਪੈਦਲ ਚੱਲਣ ਵਾਲਿਆਂ ਅਤੇ ਹੋਰ ਵਾਹਨਾਂ ਲਈ ਧਿਆਨ ਨਾਲ ਸਕੈਨ ਕਰਦੇ ਹੋ?
  - ਸਹੀ-ਤਰੀਕੇ-ਨਾਲ ਅੱਗੇ ਵਧਦੇ ਹੋ ਅਤੇ ਮੋੜ ਕੱਟਦੇ ਹੋ?

# ਡਰਾਈਵਿੰਗ ਟੈਸਟ:
# ਕੀ ਉਮੀਦ ਕੀਤੀ ਜਾਵੇ

WASHINGTON STATE DEPARTMENT OF LICENSING

- **ਰੁਕਦੇ ਹੋ**
  - ਕੀ ਤੁਸੀਂ ਆਸਾਨੀ ਨਾਲ ਅਤੇ ਸਹੀ ਥਾਂ ਤੇ ਰੁਕਦੇ ਹੋ?
  - ਕੀ ਤੁਸੀਂ ਐਮਰਜੈਂਸੀ ਵਿੱਚ ਜਲਦੀ ਅਤੇ ਸੁਰੱਖਿਅਤ ਢੰਗ ਨਾਲ ਰੁਕ ਸਕਦੇ ਹੋ?
- **ਵਾਹਨ ਬੈਕ ਕਰਨਾ (ਪਿੱਛੇ ਲਿਜਾਣਾ)**
  - ਕੀ ਤੁਸੀਂ ਆਪਣੇ ਸੱਜੇ ਮੋਢੇ ਦੇ ਉੱਪਰੋਂ ਦੇਖਦੇ ਹੋ?
  - ਕੀ ਤੁਸੀਂ ਇੱਕ ਸਿੱਧੀ ਲਾਈਨ ਵਿੱਚ ਪਿੱਛੇ ਜਾ ਸਕਦੇ ਹੋ?
  - ਕੀ ਤੁਹਾਡੇ ਕੋਲ ਆਪਣੀ ਕਾਰ ਦਾ ਪੂਰਾ ਕੰਟਰੋਲ ਹੈ?
- **ਦੂਰੀ ਨੂੰ ਜੱਜ ਕਰਨਾ**, ਕੀ ਤੁਸੀਂ ਇਹਨਾਂ ਤੋਂ ਸੁਰੱਖਿਅਤ ਦੂਰੀ ਤੇ ਰਹਿੰਦੇ ਹੋ:
  - ਪਿੱਛੇ ਜਾਂਦੇ ਜਾਂ ਲੰਘਦੇ ਸਮੇਂ ਦੂਜੀਆਂ ਕਾਰਾਂ ਤੋਂ
  - ਸੜਕ ਤੇ ਪੈਦਲ ਜਾਂ ਸਵਾਰੀ ਕਰਨ ਵਾਲੇ ਲੋਕਾਂ ਤੋਂ
- **ਦੂਜਿਆਂ ਦੇ ਅਧਿਕਾਰਾਂ ਦਾ ਆਦਰ ਕਰਨਾ**
  - ਕੀ ਤੁਸੀਂ ਦੂਜੇ ਡਰਾਈਵਰਾਂ, ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਦੇ ਪ੍ਰਤੀ ਨਿਮਰਤਾ ਰੱਖਦੇ ਹੋ?
  - ਕੀ ਤੁਸੀਂ ਡਰਾਈਵਿੰਗ ਦੇ ਕੰਮ ਵੱਲ ਪੂਰਾ ਧਿਆਨ ਦਿੰਦੇ ਹੋ?
- **ਵਿਸ਼ੇਸ਼ ਅਭਿਆਸ ਕਰਨਾ**, ਕੀ ਤੁਸੀਂ ਹੇਠਾਂ ਦਿੱਤੇ ਹਰੇਕ ਕਾਰਜ ਨੂੰ ਸਫ਼ਲਤਾਪੂਰਵਕ ਪੂਰਾ ਕਰ ਸਕਦੇ ਹੋ?
  - **ਸੱਜੇ/ਖੱਬੇ ਮੋੜ ਅਤੇ ਹੌਲੀ ਜਾਂ ਰੁਕਣ ਲਈ ਬਾਂਹ ਨਾਲ ਸਿਗਨਲ ਦੇਣਾ**। (ਤੁਸੀਂ ਟੈਸਟ ਦੌਰਾਨ ਬਾਂਹ ਨਾਲ ਸਿਗਨਲਾਂ ਦੀ ਵਰਤੋਂ ਕਰ ਸਕਦੇ ਹੋ।)
  - **ਇੱਕ ਬ੍ਰੇਕ ਪ੍ਰਤੀਕਿਰਿਆ ਟੈਸਟ/ਐਮਰਜੈਂਸੀ ਸਟਾਪ** – ਅਸੀਂ ਤੁਹਾਨੂੰ ਗੈਸ ਪੈਡਲ ਤੇ ਪੈਰ ਰੱਖਣ ਅਤੇ ਰੁਕਣ ਲਈ ਕਹੇ ਜਾਣ ਤੇ ਜਲਦੀ ਤੋਂ ਜਲਦੀ ਬ੍ਰੇਕ ਤੇ ਕਦਮ ਰੱਖਣ ਲਈ ਨਿਰਦੇਸ਼ਿਤ ਕਰਾਂਗੇ।
  - **ਇੱਕ ਪਹਾੜੀ ਤੇ ਵਾਹਨ ਪਾਰਕ ਕਰਨਾ** – ਅਸੀਂ ਤੁਹਾਨੂੰ ਆਪਣੇ ਵਾਹਨ ਨੂੰ ਇਸ ਤਰ੍ਹਾਂ ਪਾਰਕ ਕਰਨ ਲਈ ਨਿਰਦੇਸ਼ਿਤ ਕਰਾਂਗੇ ਜਿਵੇਂ ਕਿ ਤੁਸੀਂ ਇਸਨੂੰ ਬਿਨਾਂ ਕਿਸੇ ਨਿਗਰਾਨੀ ਦੇ ਛੱਡਣ ਜਾ ਰਹੇ ਹੋ।
  - **ਪੈਰਲਲ ਪਾਰਕਿੰਗ** – ਅਸੀਂ ਤੁਹਾਨੂੰ ਪਾਰਕਿੰਗ ਦੀ ਥਾਂ ਤੇ ਵਾਪਸ ਜਾਣ ਲਈ ਨਿਰਦੇਸ਼ਿਤ ਕਰਾਂਗੇ, ਜਾਂ ਤਾਂ ਇਹਨਾਂ ਵਿੱਚਕਾਰ:
    - ਚਾਰ ਖੰਭੇ।
    - ਦੋ ਵਾਹਨਾਂ।
    - ਜਾਂ ਇੱਕ ਕਾਲਪਨਿਕ ਵਾਹਨ ਵਾਲਾ ਇੱਕ ਵਾਹਨ ਪਿਛਲੇ ਪਾਸੇ ਲਗਭਗ ½ ਕਾਰ ਦੀ ਲੰਬਾਈ ਵਿੱਚ ਖੜ੍ਹਾ ਹੈ।
    - ਤੁਸੀਂ ਪੈਰਲਲ ਪਾਰਕਿੰਗ ਅਭਿਆਸ ਦੌਰਾਨ ਪਾਰਕਿੰਗ ਸਹਾਇਕ ਵਿਸ਼ੇਸ਼ਤਾਵਾਂ ਦੀ ਵਰਤੋਂ ਨਹੀਂ ਕਰ ਸਕਦੇ ਹੋ।

# ਡਰਾਈਵਿੰਗ ਟੈਸਟ:
# ਕੀ ਉਮੀਦ ਕੀਤੀ ਜਾਵੇ

- **ਇੱਕ ਕੋਨੇ ਦੀ ਵਰਤੋਂ ਕਰਦੇ ਹੋਏ ਡਰਾਈਵਵੇਅ ਜਾਂ ਗਲੀ ਤੋਂ ਟ੍ਰੈਫਿਕ ਵਿੱਚ ਵਾਪਸ ਆਉਣ ਦਾ ਸਿਮੂਲੇਟ ਕਰਨਾ** – ਅਸੀਂ ਤੁਹਾਨੂੰ ਸੱਜੇ ਪਾਸੇ ਇੱਕ ਕੋਨੇ ਦੇ ਆਲੇ-ਦੁਆਲੇ ਆਪਣੇ ਵਾਹਨ ਨੂੰ ਪਿੱਛੇ ਕਰਨ ਲਈ ਨਿਰਦੇਸ਼ਿਤ ਕਰਾਂਗੇ। ਤੁਹਾਨੂੰ ਜਿੰਨਾ ਹੋ ਸਕੇ ਗਲੀ ਦੇ ਕਿਨਾਰੇ ਦੇ ਨੇੜੇ ਰਹਿਣ ਦੀ ਜ਼ਰੂਰਤ ਹੋਵੇਗੀ, ਅਤੇ ਜਦੋਂ ਤੱਕ ਰੁਕਣ ਦਾ ਨਿਰਦੇਸ਼ ਨਾ ਦਿੱਤਾ ਜਾਵੇ, ਉਦੋਂ ਤੱਕ ਸੁਰੱਖਿਅਤ ਢੰਗ ਨਾਲ ਇੱਕ ਸਿੱਧੀ ਲਾਈਨ ਵਿੱਚ ਵਾਹਨ ਪਿੱਛੇ ਕਰਨਾ ਜਾਰੀ ਰੱਖੋ। ਤੁਸੀਂ ਸਿਮੂਲੇਟਡ ਬੈਕਿੰਗ ਅਭਿਆਸ ਦੌਰਾਨ ਬੈਕ-ਅੱਪ ਕੈਮਰੇ ਦੀ ਵਰਤੋਂ ਨਹੀਂ ਕਰ ਸਕਦੇ ਹੋ।

## ਇਹ ਵੀਡੀਓ ਤੁਹਾਡੀ ਮਦਦ ਕਰ ਸਕਦੇ ਹਨ

ਤੁਸੀਂ ਉਹਨਾਂ ਨੂੰ ਲਾਇਸੈਂਸਿੰਗ ਵਿਭਾਗ (Department of Licensing) ਦੇ YouTube ਚੈਨਲ www.youtube.com/user/WALicensing ਵਿੱਚ ਲੱਭ ਸਕਦੇ ਹੋ

- ਡਰਾਈਵ ਟੈਸਟ #1: ਪ੍ਰੀ-ਟੈਸਟ
- ਡਰਾਈਵ ਟੈਸਟ #2: ਬੈਕਿੰਗ ਅਭਿਆਸ
- ਡਰਾਈਵ ਟੈਸਟ #3: ਪੈਰਲਲ ਪਾਰਕਿੰਗ
- ਡਰਾਈਵ ਟੈਸਟ #4: ਲੇਨ ਬਦਲਣਾ ਅਤੇ ਮੋੜਨਾ

## ਤਿਆਰ ਰਹੋ

Washington Driver Guide (Washington ਡਰਾਈਵਰ ਗਾਈਡ(, ਅਤੇ ਉਪਰੋਕਤ ਦਿੱਤੇ ਸਭ ਦਾ ਅਧਿਐਨ ਕਰੋ, ਅਭਿਆਸ ਕਰੋ। ਯਾਦ ਰੱਖੋ, ਤੁਹਾਨੂੰ ਲਾਇਸੰਸਸ਼ੁਦਾ ਡਰਾਈਵਰ ਨਾਲ ਅਭਿਆਸ ਕਰਨ ਚਾਹੀਦਾ ਹੈ।

ਤੁਹਾਨੂੰ ਸਾਰੇ ਟ੍ਰੈਫਿਕ ਹਾਲਾਤਾਂ ਵਿੱਚ ਅਰਾਮਦਾਇਕ ਡਰਾਈਵਿੰਗ ਕਰਨੀ ਚਾਹੀਦੀ ਹੈ। ਸੜਕ ਦੇ ਨਿਯਮਾਂ ਨੂੰ ਜਾਣੋ ਅਤੇ ਉਹਨਾਂ ਦੀ ਪਾਲਣਾ ਕਰੋ। ਉਸ ਵਾਹਨ ਵਿੱਚ ਟੈਸਟ ਦਿਓ, ਜਿਸਤੋਂ ਤੁਸੀਂ ਜਾਣੂ ਹੋ।

ਜ਼ਿਆਦਾਤਰ ਲੋਕਾਂ ਵਾਂਗ, ਤੁਸੀਂ ਟੈਸਟ ਦੇਣ ਬਾਰੇ ਥੋੜਾ ਘਬਰਾ ਸਕਦੇ ਹੋ। ਜੇਕਰ ਤੁਸੀਂ ਇੱਥੇ ਅਤੇ ਡਰਾਈਵਰ ਗਾਈਡ ਵਿੱਚ ਸੂਚੀਬੱਧ ਡਰਾਈਵਿੰਗ ਸੰਬੰਧੀ ਸੁਝਾਵਾਂ ਦਾ ਅਭਿਆਸ ਕੀਤਾ ਹੈ ਅਤੇ ਯਾਦ ਰੱਖਿਆ ਹੈ, ਤਾਂ ਤੁਹਾਡੇ ਕੋਲ ਪਹਿਲੀ ਕੋਸ਼ਿਸ਼ ਵਿੱਚ ਪਾਸ ਹੋਣ ਦਾ ਵਧੀਆ ਮੌਕਾ ਹੈ।

*ਸੁਰੱਖਿਅਤ ਢੰਗ ਨਾਲ ਵਾਹਨ ਚਲਾਓ ਅਤੇ ਸ਼ੁੱਭਕਾਮਨਾਵਾਂ!*

# ਡਰਾਈਵਿੰਗ ਟੈਸਟ:
## ਕੀ ਉਮੀਦ ਕੀਤੀ ਜਾਵੇ

WASHINGTON STATE DEPARTMENT OF LICENSING